# ਅਪਰੇਸ਼ਨ ਨਾਲ ਬੱਚੇ ਦੇ ਜਨਮ ਲਈ ਮਾਸ ਸੁੰਨ ਕਰਨਾ

# Anesthesia for Surgery Cesarean Delivery

BC WOMEN'S HOSPITAL & HEALTH CENTRE
An agency of the Provincial Health Services Authority
www.bcwomens.ca

ਜੇ ਤੁਹਾਡਾ ਬੱਚਾ ਸਾਇਜ਼ੇਰੀਅਨ ਰਾਹੀਂ ਪੈਦਾ ਹੋ ਰਿਹਾ ਹੈ ਤਾਂ ਇਸ ਦਾ ਮਤਲਬ ਹੈ ਕਿ ਤੁਹਾਡਾ ਅਪਰੇਸ਼ਨ ਹੋ ਰਿਹਾ ਹੈ। ਅਪਰੇਸ਼ਨ ਕਰਨ ਲਈ ਐਨਿਸਥੀਸੀਆ (ਮਾਸ ਸੁੰਨ ਕਰਨਾ ਜਾਂ ਸੁਲਾਉਣਾ) ਤੁਹਾਨੂੰ ਦਰਦ ਮਹਿਸੂਸ ਹੋਣ ਤੋਂ ਰੋਕਥਾਮ ਕਰਦਾ ਹੈ, ਭਾਵੇਂ ਤੁਸੀਂ ਜਾਗਦੇ ਹੋਵੋ ਜਾਂ ਸੁੱਤੇ ਹੋਵੋ। ਬਹੁਤੀ ਵਾਰੀ ਐਨਿਸਥੀਸੀਆ ਦੀਆਂ ਦੋ ਮੁੱਖ ਕਿਸਮਾਂ ਵਿੱਚੋਂ ਇਕ ਦੀ ਚੋਣ ਕੀਤੀ ਜਾ ਸਕਦੀ ਹੈ।

## ਵਿਸ਼ਾ-ਵਸਤੂ

ਮੈਂ ਇਹ ਕਿਵੇਂ ਜਾਣਾਂ ਕਿ ਕਿਹੜੀ ਕਿਸਮ ਮੇਰੇ ਲਈ ਬਿਹਤਰ ਹੈ? ........ 1
ਦੋ ਕਿਸਮਾਂ: ਰੀਜਨਲ ਅਤੇ ਜਨਰਲ ........ 1
ਰੀਜਨਲ ਐਨਿਸਥੈਟਿਕ ਦੀਆਂ ਕਿਸਮਾਂ ........ 1
ਮੇਰੇ ਰੀਜਨਲ ਐਨਿਸਥੀਸੀਆ ਲੱਗਣ 'ਤੇ ਕੀ ਹੁੰਦਾ ਹੈ? ........ 2
ਰੀਜਨਲ ਐਨਿਸਥੀਸੀਆ ਦੇ ਕੰਮ ਕਰਨ ਵੇਲੇ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ? ........ 2
ਐਨਿਸਥੀਸਔਲੋਜਿਸਟ ਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਅਪਰੇਸ਼ਨ ਸ਼ੁਰੂ ਕਰਨ ਲਈ ਮੈਂ ਤਿਆਰ ਹਾਂ? ........ 2
ਅਪਰੇਸ਼ਨ ਦੌਰਾਨ ਕੀ ਹੁੰਦਾ ਹੈ? ........ 3
ਅਪਰੇਸ਼ਨ ਦੇ ਖਤਮ ਹੋ ਜਾਣ ਤੋਂ ਬਾਅਦ ਕੀ ਹੁੰਦਾ ਹੈ? ........ 3
ਜਨਰਲ ਐਨਿਸਥੀਸੀਆ ਜਿਸ ਨੂੰ "ਜਨਰਲ" ਵੀ ਆਖਿਆ ਜਾਂਦਾ ਹੈ ........ 3
ਮੇਰੇ ਜਨਰਲ ਹੋਣ 'ਤੇ ਕੀ ਹੁੰਦਾ ਹੈ? ........ 3
ਅਪਰੇਸ਼ਨ ਦੇ ਖਤਮ ਹੋ ਜਾਣ ਤੋਂ ਬਾਅਦ ਕੀ ਹੁੰਦਾ ਹੈ? ........ 3
ਰੀਜਨਲ ਅਤੇ ਜਨਰਲ ਐਨਿਸਥੀਸੀਆ ਦੀ ਤੁਲਨਾ ਕਰਨ ਵੇਲੇ ਤੁਹਾਨੂੰ ਪਤਾ ਲੱਗੇਗਾ ........ 4
ਅਪਰੇਸ਼ਨ ਤੋਂ ਬਾਅਦ ਮੇਰੀ ਦਰਦ ਤੋਂ ਆਰਾਮ ਲਈ ਕੀ ਕੀਤਾ ਜਾਂਦਾ ਹੈ? ........ 4
ਮੇਰੇ ਮਨ ਵਿਚ ਹੋਰ ਸਵਾਲ ਹਨ। ਮੈਂ ਕਿਸ ਨਾਲ ਗੱਲ ਕਰਾਂ? ........ 4

## ਮੈਂ ਇਹ ਕਿਵੇਂ ਜਾਣਾਂ ਕਿ ਕਿਹੜੀ ਕਿਸਮ ਮੇਰੇ ਲਈ ਬਿਹਤਰ ਹੈ?

ਤੁਹਾਡੇ ਅਪਰੇਸ਼ਨ ਤੋਂ ਪਹਿਲਾਂ ਡਾਕਟਰ ਤੁਹਾਡੇ ਨਾਲ ਐਨਿਸਥੀਸੀਆ (ਮਾਸ ਸੁੰਨ ਕਰਨਾ ਜਾਂ ਸੁਲਾਉਣਾ) ਦੀ ਚੋਣ ਬਾਰੇ ਗੱਲ ਕਰਦਾ ਹੈ। ਇਹ ਡਾਕਟਰ ਅਪਰੇਸ਼ਨ ਦੌਰਾਨ ਤੁਹਾਨੂੰ ਐਨਿਸਥੀਸੀਆ ਅਤੇ ਦਰਦ ਤੋਂ ਆਰਾਮ ਦੇਣ ਲਈ ਟਰੇਂਡ ਹੁੰਦਾ ਹੈ। ਉਸ ਨੂੰ ਐਨਿਸਥੀਸਔਲੋਜਿਸਟ (ਮਾਸ ਸੁੰਨ ਕਰਨ ਜਾਂ ਸੁਲਾਉਣ ਵਾਲਾ ਡਾਕਟਰ) ਕਹਿੰਦੇ ਹਨ। ਐਨਿਸਥੀਸਔਲੋਜਿਸਟ ਚਾਹੁੰਦਾ ਹੈ ਕਿ ਤੁਹਾਨੂੰ ਇਹ ਪਤਾ ਹੋਵੇ ਕਿ ਐਨਿਸਥੀਸੀਆ ਦੀਆਂ ਕਿਸਮਾਂ ਕੀ ਹਨ, ਉਹ ਕਿਵੇਂ ਦਿੱਤੀਆਂ ਜਾਂਦੀਆਂ ਹਨ ਅਤੇ ਹਰ ਇਕ ਦੇ ਫਾਇਦੇ ਅਤੇ ਘਾਟਾਂ ਕੀ ਹਨ। ਇਸ ਜਾਣਕਾਰੀ ਦੀ ਵਰਤੋਂ ਕਰਕੇ ਤੁਸੀਂ ਅਤੇ ਤੁਹਾਡਾ ਐਨਿਸਥੀਸਔਲੋਜਿਸਟ ਤੁਹਾਡੇ ਲਈ ਸਭ ਤੋਂ ਵਧੀਆ ਚੋਣ ਕਰ ਸਕਦੇ ਹੋ।

## ਦੋ ਕਿਸਮਾਂ

ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦੇਣ ਵੇਲੇ ਐਨਿਸਥੀਸੀਆ ਦੀਆਂ ਦੋ ਮੁੱਖ ਕਿਸਮਾਂ ਹਨ। ਇਕ ਕਿਸਮ ਵਿਚ ਤੁਸੀਂ ਜਾਗਦੇ ਹੁੰਦੇ ਹੋ ਪਰ ਤੁਹਾਡੇ ਸਰੀਰ ਦੇ ਹੇਠਲੇ ਹਿੱਸੇ ਦੀਆਂ ਨਸਾਂ (ਨਰਵਜ਼) ਸੁੱਤੀਆਂ ਹੁੰਦੀਆਂ ਹਨ ਤਾਂ ਜੋ ਤੁਹਾਨੂੰ ਦਰਦ ਮਹਿਸੂਸ ਨਾ ਹੋਵੇ। ਇਸ ਕਿਸਮ ਨੂੰ **ਰੀਜਨਲ ਐਨਿਸਥੈਟਿਕ** ਆਖਿਆ ਜਾਂਦਾ ਹੈ। ਅਪਰੇਸ਼ਨ ਨਾਲ ਬੱਚੇ ਨੂੰ ਬਹੁਤੇ ਜਨਮ ਰੀਜਨਲ ਐਨਿਸਥੈਟਿਕ ਵਰਤ ਕੇ ਹੀ ਦਿੱਤੇ ਜਾਂਦੇ ਹਨ। ਇਹ ਆਮ ਤੌਰ 'ਤੇ ਮਾਂ ਅਤੇ ਬੱਚੇ ਲਈ ਸੁਰੱਖਿਅਤ ਹੈ। ਜੇ ਤੁਹਾਡੇ ਰੀਜਨਲ ਐਨਿਸਥੀਸੀਆ ਹੋਵੇ ਤਾਂ ਤੁਸੀਂ ਆਪਣੇ ਬੱਚੇ ਦੇ ਜਨਮ ਦਾ ਅਨੁਭਵ ਕਰਨ ਲਈ ਜਾਗਦੇ ਹੋਵੋਗੇ। ਤੁਹਾਨੂੰ ਆਪਣੇ ਨਾਲ ਕਿਸੇ ਵਿਅਕਤੀ ਨੂੰ ਰੱਖਣ ਲਈ ਉਤਸ਼ਾਹ ਵੀ ਦਿੱਤਾ ਜਾਵੇਗਾ ਜਿਵੇਂ ਕਿ ਤੁਹਾਡਾ ਸਾਥੀ, ਮਾਤਾ, ਦਾਈ, ਜਾਂ ਦੋਸਤ ਤਾਂ ਜੋ ਤੁਸੀਂ ਜਨਮ ਦਾ ਅਨੁਭਵ ਰਲ ਕੇ ਕਰ ਸਕੋ।

ਇਕ ਹੋਰ ਕਿਸਮ ਹੈ ਜਦੋਂ ਤੁਸੀਂ ਅਪਰੇਸ਼ਨ ਲਈ ਸੁੱਤੇ ਹੋਏ ਹੁੰਦੇ ਹੋ। ਇਸ ਨੂੰ **ਜਨਰਲ ਐਨਿਸਥੈਟਿਕ** ਜਾਂ **ਜਨਰਲ** ਆਖਿਆ ਜਾਂਦਾ ਹੈ। ਇਸ ਦੀ ਕੁਝ ਐਮਰਜੰਸੀਆਂ ਲਈ ਲੋੜ ਹੋ ਸਕਦੀ ਹੈ ਜਾਂ ਉਦੋਂ ਲੋੜ ਹੋ ਸਕਦੀ ਹੈ ਜਦੋਂ ਤੁਸੀਂ ਕਿਸੇ ਕਾਰਨ ਕਰਕੇ ਰੀਜਨਲ ਐਨਿਸਥੈਟਿਕ ਨਾ ਲੈ ਸਕਦੇ ਹੋਵੋ। ਜਨਰਲ ਐਨਿਸਥੀਸੀਆ ਦੀ ਵਰਤੋਂ ਰੀਜਨਲ ਐਨਿਸਥੀਸੀਆ ਨਾਲੋਂ ਬਹੁਤ ਘੱਟ ਕੀਤੀ ਜਾਂਦੀ ਹੈ।

## ਰੀਜਨਲ ਐਨਿਸਥੈਟਿਕ ਦੀਆਂ ਕਿਸਮਾਂ

### *ਰੀਜਨਲ ਐਨਿਸਥੀਸੀਆ ਦੀਆਂ ਤਿੰਨ ਕਿਸਮਾਂ ਹਨ:*

1. **ਸਪਾਈਨਲ** ਉਹ ਕਿਸਮ ਹੈ ਜਿਹੜੀ ਅਕਸਰ ਪਲੈਨ ਕੀਤੇ ਹੋਏ ਅਪਰੇਸ਼ਨ ਨਾਲ ਜਨਮ ਲਈ ਵਰਤੀ ਜਾਂਦੀ ਹੈ। ਇਹ ਐਮਰਜੰਸੀ ਵਿਚ ਅਪਰੇਸ਼ਨ ਨਾਲ ਜਨਮ ਵੇਲੇ ਵੀ ਵਰਤੀ ਜਾ ਸਕਦੀ ਹੈ। ਤੁਹਾਡੀ ਕੁੱਖ, ਜਿਸ ਨੂੰ ਬੱਚੇਦਾਨੀ ਵੀ ਆਖਿਆ ਜਾਂਦਾ ਹੈ ਅਤੇ ਜਨਮ ਨਾਲੀ ਦੀਆਂ ਨਸਾਂ (ਨਰਵਜ਼) ਨੂੰ ਸੁੰਨ ਕਰਨ ਲਈ ਇਕ ਦਵਾਈ ਦੀ ਵਰਤੋਂ



4500 Oak Street, Vancouver, B.C. V6H 3N1 Phone: 604-875-2000

ਕੀਤੀ ਜਾਂਦੀ ਹੈ। ਇਹ ਇਕ ਬਹੁਤ ਹੀ ਬਾਰੀਕ ਸੂਈ ਨਾਲ ਤੁਹਾਡੀ ਪਿੱਠ ਵਿਚ ਦਿੱਤੀ ਜਾਂਦੀ ਹੈ। ਲੋਕਲ ਐਨਿਸਥੈਟਿਕ ਨੂੰ ਤਰਲ ਦੇ ਇਸ ਬੈਗ ਵਿਚ ਪਾਇਆ ਜਾਂਦਾ ਹੈ। ਸਪਾਈਨਲ ਥੋੜ੍ਹੀ ਜਿਹੀ ਦਵਾਈ ਨਾਲ ਹੀ ਤੇਜ਼ੀ ਨਾਲ ਕੰਮ ਕਰਦੀ ਹੈ। ਇਹ ਤੁਹਾਡੇ ਸਰੀਰ ਦੇ ਹੇਠਲੇ ਹਿੱਸੇ ਵਿੱਚੋਂ ਮਹਿਸੂਸ ਹੋਣ ਅਤੇ ਹਿਲਜੁਲ ਦੇ ਸੁਨੇਹਿਆਂ ਨੂੰ ਲਿਜਾਣ ਵਾਲੀਆਂ ਨਸਾਂ ਨੂੰ ਰੋਕਦੀ ਹੈ।

2. **ਇਪੀਡੂਰਲ** ਉਹ ਕਿਸਮ ਹੈ ਜਿਹੜੀ ਅਕਸਰ ਜੰਮਣ-ਪੀੜਾਂ ਦਾ ਇਲਾਜ ਕਰਨ ਲਈ ਵਰਤੀ ਜਾਂਦੀ ਹੈ। ਪਲਾਸਟਿਕ ਦੀ ਇਕ ਪਤਲੀ ਟਿਊਬ ਜਿਸ ਨੂੰ ਕਥੀਟਰ ਆਖਿਆ ਜਾਂਦਾ ਹੈ, ਤੁਹਾਡੀ ਰੀੜ੍ਹ ਦੀ ਹੱਡੀ ਦੀ ਅੰਦਰਲੀ ਤਹਿ ਦੇ ਬਾਹਰਲੇ ਪਾਸੇ ਦੀ ਇਕ ਥਾਂ 'ਤੇ ਲਗਾਈ ਜਾਂਦੀ ਹੈ। ਤੁਹਾਡੀ ਬੱਚੇਦਾਨੀ ਅਤੇ ਜਨਮ ਦੇਣ ਵਾਲੇ ਰਾਹ ਤੋਂ ਆਉਣ ਵਾਲੀਆਂ ਨਸਾਂ (ਨਰਵਜ਼) ਨੂੰ ਸੁੰਨ ਕਰਨ ਵਾਲੀ ਇਕ ਦਵਾਈ ਕਥੀਟਰ ਵਿਚ ਪਾਈ ਜਾਂਦੀ ਹੈ। ਜੇ ਤੁਹਾਡੇ ਜੰਮਣ-ਪੀੜਾਂ ਦੌਰਾਨ ਪਹਿਲਾਂ ਹੀ ਇਪੀਡੂਰਲ ਲੱਗਾ ਹੋਇਆ ਹੈ ਅਤੇ ਤੁਹਾਨੂੰ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦੇਣ ਦੀ ਲੋੜ ਹੈ ਤਾਂ ਕਥੀਟਰ ਵਿਚ ਇਕ ਤੇਜ਼ ਦਵਾਈ ਪਾਈ ਜਾਂਦੀ ਹੈ। ਇਹ ਦਵਾਈ ਤੁਹਾਡੇ ਸਰੀਰ ਦੇ ਹੇਠਲੇ ਹਿੱਸੇ ਤੋਂ ਤੁਹਾਡੀ ਛਾਤੀ ਦੇ ਅੱਧ ਨੂੰ ਸੁੰਨ ਕਰਦੀ ਹੈ। ਇਸ ਨਾਲ ਤੁਹਾਨੂੰ ਆਪਣੀਆਂ ਲੱਤਾਂ ਬਹੁਤ ਭਾਰੀਆਂ ਮਹਿਸੂਸ ਹੁੰਦੀਆਂ ਹਨ। ਪਰ, ਇਪੀਡੂਰਲ ਦਵਾਈ ਨੂੰ ਕੰਮ ਕਰਨ ਨੂੰ ਸਪਾਈਨਲ ਨਾਲ ਦਿੱਤੀ ਦਵਾਈ ਨਾਲੋਂ ਜ਼ਿਆਦਾ ਸਮਾਂ ਲੱਗਦਾ ਹੈ।

3. **ਰਲਵਾਂ ਸਪਾਈਨਲ-ਇਪੀਡੂਰਲ ਜਾਂ ਸੀ ਐੱਸ ਈ**, ਸਪਾਈਨਲ ਅਤੇ ਇਪੀਡੂਰਲ ਦਾ ਮੇਲ ਹੈ। ਇਹ ਤਾਂ ਕੀਤਾ ਜਾਂਦਾ ਹੈ ਜੇ ਅਪਰੇਸ਼ਨ ਹੋਣ ਨੂੰ ਆਮ ਸਮੇਂ ਨਾਲੋਂ ਜ਼ਿਆਦਾ ਸਮਾਂ ਲੱਗਣਾ ਹੋਵੇ ਜਾਂ ਜੇ ਤੁਹਾਡੇ ਸਰੀਰ ਦੀ ਕਿਸਮ ਔਸਤ ਕੱਦ ਜਾਂ ਭਾਰ ਦੀ ਨਹੀਂ ਹੈ। ਸਪਾਈਨਲ ਦੀ ਵਰਤੋਂ ਅਪਰੇਸ਼ਨ ਨਾਲ ਬੱਚੇ ਨੂੰ ਜਨਮ ਦੇਣਾ ਸ਼ੁਰੂ ਕਰਨ ਲਈ ਵਰਤੀ ਜਾਂਦੀ ਹੈ। ਇਪੀਡੂਰਲ ਦੀ ਵਰਤੋਂ ਅਪਰੇਸ਼ਨ ਦੌਰਾਨ ਲੋੜ ਮੁਤਾਬਕ ਸੁੰਨ ਕਰਨ ਲਈ ਕੀਤੀ ਜਾਂਦੀ ਹੈ।

## ਮੇਰੇ ਰੀਜਨਲ ਐਨਿਸਥੀਸੀਆ ਲੱਗਣ 'ਤੇ ਕੀ ਹੁੰਦਾ ਹੈ?

- ਪਲਾਸਟਿਕ ਦੀ ਇਕ ਛੋਟੀ ਟਿਊਬ ਤੁਹਾਡੀ ਬਾਂਹ ਵਿਚ ਚਾੜ੍ਹੀ ਜਾਂਦੀ ਹੈ। ਇਸ ਨੂੰ ਇੰਟਰਾਵੀਨਸ ਜਾਂ ਆਈ ਵੀ ਆਖਿਆ ਜਾਂਦਾ ਹੈ।
- ਤੁਸੀਂ ਇਕ ਪਾਸੇ ਨੂੰ ਲੰਮੇ ਪੈਂਦੇ ਹੋ ਜਾਂ ਬੈੱਡ ਦੇ ਸਿਰੇ 'ਤੇ ਬਹਿੰਦੇ ਹੋ।
- ਤੁਹਾਨੂੰ ਆਪਣੀ ਢੂਈ ਨੂੰ ਬਾਹਰ ਧੱਕਣ ਲਈ ਕਿਹਾ ਜਾਂਦਾ ਹੈ।
- ਸਪਾਈਨਲ ਜਾਂ ਇਪੀਡੂਰਲ ਦਿੱਤੇ ਜਾਣ ਵੇਲੇ **ਹਿੱਲੋ ਨਾ**।
- ਸੂਈ ਦੇ ਅੰਦਰ ਜਾਣ ਵੇਲੇ ਜੇ ਤੁਹਾਨੂੰ ਇਕ ਲੱਤ ਵਿਚ ਝਰਨਾਹਟ ਮਹਿਸੂਸ ਹੋਵੇ ਜਾਂ ਬਿਜਲੀ ਦਾ ਛੋਟਾ ਜਿਹਾ ਝਟਕਾ ਲੱਗੇ ਤਾਂ ਡਾਕਟਰ ਨੂੰ ਦੱਸੋ ਪਰ ਹਿੱਲੋ ਨਾ।
- ਸਪਾਈਨਲ ਜਾਂ ਇਪੀਡੂਰਲ ਲਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਨੂੰ ਸਿਰਫ ਕੁਝ ਮਿੰਟ ਹੀ ਲੱਗਦੇ ਹਨ। ਜੇ ਸੂਈ ਲਾਉਣੀ ਸੌਖੀ ਨਾ ਹੋਵੇ ਤਾਂ ਇਸ ਨੂੰ ਜ਼ਿਆਦਾ ਸਮਾਂ ਲੱਗ ਸਕਦਾ ਹੈ।

### ਐਨਿਸਥੀਸਔਲੋਜਿਸਟ:

- ਇਕ ਐਂਟੀਬੈਕਟੀਰੀਅਲ ਤਰਲ ਨਾਲ ਤੁਹਾਡੀ ਪਿੱਠ ਸਾਫ ਕਰਦਾ ਹੈ। ਕਮਰੇ ਦੇ ਤਾਪਮਾਨ 'ਤੇ ਹੋਣ ਦੇ ਬਾਵਜੂਦ ਇਹ ਠੰਢਾ ਮਹਿਸੂਸ ਹੁੰਦਾ ਹੈ।
- ਤੁਹਾਡੀ ਪਿੱਠ ਵਿਚ ਸਪਾਈਨਲ ਜਾਂ ਇਪੀਡੂਰਲ ਲਾਉਣ ਲਈ ਸਭ ਤੋਂ ਵਧੀਆ ਥਾਂ ਲੱਭਣ ਲਈ ਤੁਹਾਡੇ ਚੂਲੇ ਅਤੇ ਰੀੜ੍ਹ ਦੀ ਹੱਡੀ ਨੂੰ ਮਹਿਸੂਸ ਕਰਦਾ ਹੈ।
- ਤੁਹਾਡੀ ਪਿੱਠ ਦੀ ਚਮੜੀ ਦੇ ਉਸ ਥਾਂ ਨੂੰ ਫਰੀਜ਼ ਕਰਨ ਲਈ ਦਵਾਈ ਦੀ ਥੋੜ੍ਹੀ ਜਿਹੀ ਮਾਤਰਾ ਦਾ ਟੀਕਾ ਲਗਾਉਂਦਾ ਹੈ ਜਿੱਥੇ ਸਪਾਈਨਲ ਜਾਂ ਇਪੀਡੂਰਲ ਦਿੱਤੀ ਜਾਵੇਗੀ। ਇਸ ਨੂੰ ਲੋਕਲ ਐਨਿਸਥੈਟਿਕ ਆਖਿਆ ਜਾਂਦਾ ਹੈ। ਇਹ ਸ਼ਹਿਦ ਦੀ ਮੱਖੀ ਦੇ ਡੰਗ ਵਾਂਗ ਮਹਿਸੂਸ ਹੁੰਦਾ ਹੈ ਅਤੇ ਸਿਰਫ ਕੁਝ ਸਕਿੰਟ ਹੀ ਰਹਿੰਦਾ ਹੈ।

### ਸਪਾਈਨਲ ਲਈ ਡਾਕਟਰ:

- ਇਕ ਬਾਰੀਕ ਸੂਈ ਤੁਹਾਡੀ ਪਿੱਠ ਦੇ ਹੇਠਲੇ ਹਿੱਸੇ ਦੀਆਂ ਹੱਡੀਆਂ ਵਿਚਕਾਰ ਚਮੜੀ ਨੂੰ ਸੁੰਨ ਕਰਨ ਤੋਂ ਬਾਅਦ ਪਾਉਂਦਾ ਹੈ। ਇਸ ਨਾਲ ਆਮ ਤੌਰ 'ਤੇ ਤਕਲੀਫ ਨਹੀਂ ਹੁੰਦੀ।
- ਅਜਿਹੀਆਂ ਦਵਾਈਆਂ ਦਾ ਟੀਕਾ ਲਾਉਂਦਾ ਹੈ ਜਿਹੜੀਆਂ ਨਸਾਂ (ਨਰਵਜ਼) ਨੂੰ ਸੁੰਨ ਕਰਦੀਆਂ ਹਨ ਅਤੇ ਰੀੜ੍ਹ ਦੀ ਹੱਡੀ ਦੇ ਤਰਲਾਂ ਵਿਚ ਦਰਦ ਤੋਂ ਆਰਾਮ ਦਿੰਦੀਆਂ ਹਨ।
- ਸੂਈ ਬਾਹਰ ਕੱਢਦਾ ਹੈ।

### ਇਪੀਡੂਰਲ ਲਈ ਡਾਕਟਰ:

- ਇਕ ਖੋਖਲੀ ਸੂਈ ਤੁਹਾਡੀ ਪਿੱਠ ਦੇ ਹੇਠਲੇ ਹਿੱਸੇ ਦੀਆਂ ਹੱਡੀਆਂ ਵਿਚਕਾਰ ਚਮੜੀ ਨੂੰ ਸੁੰਨ ਕਰਨ ਤੋਂ ਬਾਅਦ ਪਾਉਂਦਾ ਹੈ। ਇਸ ਨਾਲ ਆਮ ਤੌਰ 'ਤੇ ਤਕਲੀਫ ਨਹੀਂ ਹੁੰਦੀ।
- ਪਲਾਸਟਿਕ ਦੀ ਇਕ ਪਤਲੀ ਨਾਲੀ ਖੋਖਲੀ ਸੂਈ ਰਾਹੀਂ ਇਪੀਡੂਰਲ ਥਾਂ ਵਿਚ ਚਾੜ੍ਹਦਾ ਹੈ।
- ਸੂਈ ਬਾਹਰ ਕੱਢਦਾ ਹੈ।
- ਅਜਿਹੀਆਂ ਦਵਾਈਆਂ ਦਾ ਟੀਕਾ ਲਾਉਂਦਾ ਹੈ ਜਿਹੜੀਆਂ ਨਸਾਂ (ਨਰਵਜ਼) ਨੂੰ ਸੁੰਨ ਕਰਦੀਆਂ ਹਨ ਅਤੇ ਇਪੀਡੂਰਲ ਕਥੀਟਰ ਵਿਚ ਦਰਦ ਤੋਂ ਆਰਾਮ ਦਿੰਦੀਆਂ ਹਨ।
- ਇਪੀਡੂਰਲ ਕਥੀਟਰ ਨੂੰ ਤੁਹਾਡੀ ਪਿੱਠ 'ਤੇ ਟੇਪ ਨਾਲ ਜੋੜਦਾ ਹੈ। ਜੇ ਲੋੜ ਹੋਵੇ ਤਾਂ ਅਪਰੇਸ਼ਨ ਦੌਰਾਨ ਹੋਰ ਦਵਾਈ ਵੀ ਦਿੱਤੀ ਜਾ ਸਕਦੀ ਹੈ।

### ਜੇ ਤੁਹਾਡੇ ਪਹਿਲਾਂ ਹੀ ਜੰਮਣ-ਪੀੜਾਂ ਤੋਂ ਆਰਾਮ ਲਈ ਇਪੀਡੂਰਲ ਲੱਗੀ ਹੋਈ ਹੈ:

- ਡਾਕਟਰ ਇਪੀਡੂਰਲ ਵਿਚ ਦਵਾਈ ਦੀ ਤੇਜ਼ ਖ਼ੁਰਾਕ ਪਾਉਂਦਾ ਹੈ।
- ਜੇ ਅਪਰੇਸ਼ਨ ਨਾਲ ਬੱਚੇ ਨੂੰ ਪੈਦਾ ਕਰਨ ਦੀ ਬਹੁਤ ਕਾਹਲੀ ਹੋਵੇ ਤਾਂ ਇਹ ਫੈਸਲਾ ਕੀਤਾ ਜਾ ਸਕਦਾ ਹੈ ਕਿ ਇਪੀਡੂਰਲ ਰਾਹੀਂ ਪਾਈ ਦਵਾਈ ਦੇ ਕੰਮ ਕਰਨ ਜੋਗਾ ਕਾਫੀ ਸਮਾਂ ਨਹੀਂ ਹੈ। ਫਿਰ ਵੱਖਰੀ ਕਿਸਮ ਦੇ ਐਨਿਸਥੀਸੀਆ ਦਾ ਸੁਝਾਅ ਦਿੱਤਾ ਜਾਵੇਗਾ।

## ਰੀਜਨਲ ਐਨਿਸਥੀਸੀਆ ਦੇ ਕੰਮ ਕਰਨ ਵੇਲੇ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ?

- ਤੁਹਾਡੀਆਂ ਲੱਤਾਂ ਭਾਰੀਆਂ ਅਤੇ ਗਰਮ ਮਹਿਸੂਸ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਨ੍ਹਾਂ ਵਿਚ ਝਰਨਾਹਟ ਆਉਣੀ ਵੀ ਸ਼ੁਰੂ ਹੋ ਸਕਦੀ ਹੈ।
- ਸੁੰਨਤਾ ਹੌਲੀ ਹੌਲੀ ਤੁਹਾਡੀ ਧੁੰਨੀ ਤੋਂ ਥੱਲੇ ਨੂੰ ਅਤੇ ਉੱਪਰ ਨੂੰ ਤੁਹਾਡੀ ਛਾਤੀ ਦੇ ਵਿਚਕਾਰ ਤੱਕ ਫੈਲ ਜਾਂਦੀ ਹੈ।
- ਕਦੇ ਕਦੇ ਤੁਹਾਡਾ ਪਾਸਾ ਬਦਲਿਆ ਜਾਵੇਗਾ ਤਾਂ ਜੋ ਇਹ ਪੱਕਾ ਹੋਵੇ ਕਿ ਦਵਾਈ ਚੰਗੀ ਤਰ੍ਹਾਂ ਕੰਮ ਕਰ ਰਹੀ ਹੈ।

## ਐਨਿਸਥੀਸਔਲੋਜਿਸਟ ਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਅਪਰੇਸ਼ਨ ਸ਼ੁਰੂ ਕਰਨ ਲਈ ਮੈਂ ਤਿਆਰ ਹਾਂ?

ਡਾਕਟਰ ਬਰਫ ਦੀ ਕਿਊਬ ਨਾਲ ਇਹ ਚੈੱਕ ਕਰਦਾ ਹੈ ਕਿ ਦਵਾਈ ਦਾ ਅਸਰ ਕਿੰਨੀ ਦੂਰ ਤੱਕ ਫੈਲ ਗਿਆ ਹੈ। ਜਿਹੜਾ ਹਿੱਸਾ ਸੁੰਨ ਨਹੀਂ ਹੋਇਆ ਹੁੰਦਾ ਉਹ ਬਰਫ ਜਿੰਨਾ ਠੰਢਾ ਮਹਿਸੂਸ ਹੁੰਦਾ ਹੈ। ਜਿੱਥੇ

ਸਫਾ 2...

ਸਪਾਈਨਲ ਜਾਂ ਇਪੀਡੁਰਲ ਕੰਮ ਕਰ ਰਹੇ ਹੁੰਦੇ ਹਨ ਉਸ ਹਿੱਸੇ ਵਿਚ ਠੰਢਾ ਮਹਿਸੂਸ ਨਹੀਂ ਹੋਣਾ ਚਾਹੀਦਾ।

ਦਰਦ ਨੂੰ ਮਹਿਸੂਸ ਕਰਨ ਦੀ ਤੁਹਾਡੀ ਸਮਰੱਥਾ ਦਾ ਪਤਾ ਲਾਉਣ ਲਈ ਐਨਿਸਥੀਸਐਲੋਜਿਸਟ ਅਕਸਰ ਇਕ ਹੋਰ ਟੈੱਸਟ ਕਰੇਗਾ ਜਿਵੇਂ ਕਿ ਉਸ ਥਾਂ 'ਤੇ ਜ਼ੋਰ ਨਾਲ ਚੂੰਢੀ ਵੱਢਣਾ ਜਿਸ ਬਾਰੇ ਉਸ ਨੂੰ ਪਤਾ ਹੈ ਕਿ ਅਪਰੇਸ਼ਨ ਲਈ ਸੁੰਨ ਕਰਨ ਦੀ ਲੋੜ ਹੈ। ਡਾਕਟਰ ਇਹ ਪੱਕਾ ਕਰਦਾ ਹੈ ਕਿ ਸ਼ੁਰੂ ਕਰਨ ਤੋਂ ਪਹਿਲਾਂ ਤੁਸੀਂ ਆਰਾਮਦੇਹ ਹੋ।

ਜਦੋਂ ਰੀਜਨਲ ਐਨਿਸਥੈਟਿਕ ਸਹੀ ਤਰ੍ਹਾਂ ਕੰਮ ਕਰ ਵੀ ਰਿਹਾ ਹੁੰਦਾ ਹੈ, ਉਦੋਂ ਛੂਹ ਮਹਿਸੂਸ ਹੋਣਾ ਅਤੇ ਕੁਝ ਹੋ ਰਿਹਾ ਮਹਿਸੂਸ ਹੋਣਾ ਆਮ ਹੈ।

ਡਾਕਟਰ ਅਪਰੇਸ਼ਨ ਦੌਰਾਨ ਅਕਸਰ ਤੁਹਾਡਾ ਬਲੱਡ ਪਰੈਸ਼ਰ ਵੀ ਚੈੱਕ ਕਰਦਾ ਹੈ। ਜੇ ਤੁਸੀਂ ਕਿਸੇ ਵੇਲੇ ਵੀ ਬੀਮਾਰ ਮਹਿਸੂਸ ਕਰੋ ਤਾਂ ਡਾਕਟਰ ਨੂੰ ਦੱਸੋ। ਇਸ ਤਰ੍ਹਾਂ ਅਕਸਰ ਆਪਣਾ ਬਲੱਡ ਪਰੈਸ਼ਰ ਘਟਣ ਕਰਕੇ ਮਹਿਸੂਸ ਹੁੰਦਾ ਹੈ। ਡਾਕਟਰ ਇਸ ਦਾ ਇਲਾਜ ਕਰਨ ਦੇ ਯੋਗ ਹੈ।

## ਅਪਰੇਸ਼ਨ ਦੌਰਾਨ ਕੀ ਹੁੰਦਾ ਹੈ?

- ਤੁਸੀਂ ਆਪਣੀ ਪਿੱਠ ਭਾਰ ਲੰਮੇ ਪੈਂਦੇ ਹੋ, ਖੱਬੇ ਪਾਸੇ ਨੂੰ ਟੇਢੇ ਹੋ ਕੇ।
- ਇਕ ਪਰਦਾ ਲਾਇਆ ਜਾਂਦਾ ਹੈ। ਇਹ ਤੁਹਾਨੂੰ ਅਤੇ ਤੁਹਾਡੇ ਨਾਲ ਆਉਣ ਵਾਲੇ ਨੂੰ ਅਪਰੇਸ਼ਨ ਵਾਲੀ ਥਾਂ ਤੋਂ ਵੱਖ ਕਰਦਾ ਹੈ।
- ਐਨਿਸਥੀਸਐਲੋਜਿਸਟ ਤੁਹਾਡੇ ਨਾਲ ਸਾਰਾ ਸਮਾਂ ਰਹਿੰਦਾ ਹੈ।
- ਅਪਰੇਸ਼ਨ ਸ਼ੁਰੂ ਹੋ ਜਾਣ ਵੇਲੇ ਤੁਸੀਂ ਖਿੱਚ ਪੈਂਦੀ ਅਤੇ ਪਰੈਸ਼ਰ ਮਹਿਸੂਸ ਕਰ ਸਕਦੇ ਹੋ ਪਰ ਤੁਸੀਂ ਦਰਦ ਮਹਿਸੂਸ ਨਹੀਂ ਕਰੋਗੇ।
- ਐਨਿਸਥੀਸਐਲੋਜਿਸਟ ਤੁਹਾਨੂੰ ਅਪਰੇਸ਼ਨ ਦੌਰਾਨ ਚੈੱਕ ਕਰਦਾ ਰਹਿੰਦਾ ਹੈ। ਜੇ ਤੁਹਾਨੂੰ ਲੋੜ ਹੋਵੇ ਤਾਂ ਉਹ ਤੁਹਾਨੂੰ ਹੋਰ ਦਵਾਈ ਦੇਵੇਗਾ। ਭਾਵੇਂ ਕਿ ਅਜਿਹਾ ਆਮ ਨਹੀਂ ਹੁੰਦਾ, ਕਦੇ ਕਦੇ ਅਪਰੇਸ਼ਨ ਦੌਰਾਨ ਰੀਜਨਲ ਐਨਿਸਥੈਟਿਕ (ਮਾਸ ਸੁੰਨ ਕਰਨ) ਨੂੰ ਜਨਰਲ ਐਨਿਸਥੈਟਿਕ (ਸੁਲਾਉਣ) ਵਿਚ ਬਦਲਿਆ ਜਾ ਸਕਦਾ ਹੈ।

## ਅਪਰੇਸ਼ਨ ਦੇ ਖਤਮ ਹੋ ਜਾਣ ਤੋਂ ਬਾਅਦ ਕੀ ਹੁੰਦਾ ਹੈ?

- ਐਨਿਸਥੀਸਐਲੋਜਿਸਟ ਅਤੇ ਨਰਸਾਂ ਤੁਹਾਨੂੰ ਰਿਕਵਰੀ ਰੂਮ ਵਿਚ ਲੈ ਕੇ ਜਾਂਦੇ ਹਨ।
- ਨਰਸਾਂ ਇੱਥੇ ਤੁਹਾਡੇ 'ਤੇ ਨਿਗਰਾਨੀ ਰੱਖਦੀਆਂ ਹਨ ਅਤੇ ਇਲਾਜ ਕਰਦੀਆਂ ਹਨ। ਉਹ ਇਹ ਪੱਕਾ ਕਰਦੀਆਂ ਹਨ ਕਿ ਤੁਸੀਂ ਅਪਰੇਸ਼ਨ ਤੋਂ ਬਾਅਦ ਠੀਕ ਚੱਲ ਰਹੇ ਹੋ।
- ਤੁਹਾਡਾ ਸਾਥੀ ਅਤੇ ਬੱਚਾ ਆਮ ਤੌਰ 'ਤੇ ਤੁਹਾਡੇ ਨਾਲ ਹੋ ਸਕਦੇ ਹਨ।
- ਤੁਹਾਡੀ ਦਰਦ ਤੋਂ ਆਰਾਮ ਦੀ ਦਵਾਈ ਦਾ ਅਸਰ ਹੌਲੀ ਹੌਲੀ ਘਟਣਾ ਸ਼ੁਰੂ ਹੋ ਜਾਂਦਾ ਹੈ। ਅਜਿਹਾ ਹੋਣ ਵੇਲੇ ਤੁਸੀਂ ਆਪਣੀਆਂ ਲੱਤਾਂ ਵਿਚ ਝਰਨਾਹਟ ਮਹਿਸੂਸ ਕਰ ਸਕਦੇ ਹੋ। ਦੋ ਕੁ ਘੰਟਿਆਂ ਵਿਚ ਤੁਸੀਂ ਇਨ੍ਹਾਂ ਨੂੰ ਫਿਰ ਹਿਲਾਉਣ ਦੇ ਯੋਗ ਹੋ ਜਾਵੋਗੇ।

## ਜਨਰਲ ਐਨਿਸਥੀਸੀਆ ਜਿਸ ਨੂੰ "ਜਨਰਲ" ਵੀ ਆਖਿਆ ਜਾਂਦਾ ਹੈ

### ਮੈਨੂੰ ਜਨਰਲ ਦੀ ਲੋੜ ਕਿਉਂ ਪਵੇਗੀ?

ਜਨਰਲ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਇਹ ਤੁਹਾਡੇ ਲਈ ਸਭ ਤੋਂ ਬਿਹਤਰ ਅਤੇ ਸੁਰੱਖਿਅਤ ਚੋਣ ਹੁੰਦੀ ਹੈ। ਕੁਝ ਕਾਰਨ ਇਹ ਹੋ ਸਕਦੇ ਹਨ:

- ਤੁਹਾਡੀ ਕੋਈ ਅਜਿਹੀ ਹਾਲਤ ਹੈ ਜਿਸ ਕਰਕੇ ਤੁਹਾਡਾ ਖ਼ੂਨ ਜੰਮਦਾ ਨਹੀਂ ਜਿਵੇਂ ਕਿ ਇਸ ਨੂੰ ਕਰਨਾ ਚਾਹੀਦਾ ਹੈ।
- ਤੁਹਾਡੀ ਪਿੱਠ ਬਹੁਤ ਅਸਾਧਾਰਣ ਹੈ ਜਿਹੜੀ ਰੀਜਨਲ ਐਨਿਸਥੀਸੀਆ ਨੂੰ ਔਖਾ ਜਾਂ ਅਸੰਭਵ ਬਣਾਉਂਦੀ ਹੈ।
- ਸ਼ਾਇਦ ਰੀਜਨਲ ਐਨਿਸਥੀਸੀਆ ਦੇ ਕੰਮ ਕਰਨਾ ਸ਼ੁਰੂ ਕਰਨ ਲਈ ਕਾਫੀ ਸਮਾਂ ਨਾ ਹੋਵੇ।
- ਸਪਾਈਨਲ ਜਾਂ ਇਪੀਡੁਰਲ ਚੰਗੀ ਤਰ੍ਹਾਂ ਕੰਮ ਨਹੀਂ ਕਰ ਰਹੇ। ਅਜਿਹਾ ਬਹੁਤਾ ਆਮ ਨਹੀਂ ਹੁੰਦਾ।

### ਮੇਰੇ ਜਨਰਲ ਹੋਣ 'ਤੇ ਕੀ ਹੁੰਦਾ ਹੈ?

- ਪਲਾਸਟਿਕ ਦੀ ਇਕ ਛੋਟੀ ਟਿਊਬ ਤੁਹਾਡੀ ਬਾਂਹ ਵਿਚ ਚਾੜ੍ਹੀ ਜਾਂਦੀ ਹੈ। ਇਸ ਨੂੰ ਇੰਟਰਾਵੀਨਸ ਜਾਂ ਆਈ ਵੀ ਆਖਿਆ ਜਾਂਦਾ ਹੈ।
- ਤੁਸੀਂ ਅਪਰੇਸ਼ਨ ਰੂਮ ਵਿਚ ਜਾਂਦੇ ਹੋ।
- ਐਨਿਸਥੀਸਐਲੋਜਿਸਟ ਤੁਹਾਨੂੰ ਕੁਝ ਮਿੰਟਾਂ ਲਈ ਮੂੰਹ 'ਤੇ ਲਾਉਣ ਵਾਲੇ ਇਕ ਮਾਸਕ ਰਾਹੀਂ ਆਕਸੀਜਨ ਦਿਵਾਉਂਦਾ ਹੈ।
- ਜਦੋਂ ਅਪਰੇਸ਼ਨ ਕਰਨ ਵਾਲੇ ਡਾਕਟਰ, ਜਿਨ੍ਹਾਂ ਨੂੰ ਔਬਸਟੇਟਰੀਸ਼ਨ ਆਖਿਆ ਜਾਂਦਾ ਹੈ, ਨਰਸਾਂ ਅਤੇ ਬੇਬੀ ਡਾਕਟਰ ਜਾਂ ਪੀਡੀਆਟਰੀਸ਼ਨ ਉੱਥੇ ਹੁੰਦੇ ਹਨ ਤਾਂ ਐਨਿਸਥੀਸਐਲੋਜਿਸਟ ਤੁਹਾਡੀ ਬਾਂਹ ਵਿਚਲੀ ਆਈ ਵੀ ਵਿਚ ਇਕ ਦਵਾਈ ਪਾਉਂਦਾ ਹੈ। ਇਸ ਨਾਲ ਤੁਸੀਂ ਬਹੁਤ ਛੇਤੀ ਸੌਂ ਜਾਂਦੇ ਹੋ। ਸੌਣ ਤੋਂ ਬਿਲਕੁਲ ਪਹਿਲਾਂ, ਤੁਹਾਨੂੰ ਇਸ ਤਰ੍ਹਾਂ ਮਹਿਸੂਸ ਹੋਵੇਗਾ ਕਿ ਕੋਈ ਜਣਾ ਤੁਹਾਡੀ ਧੌਣ 'ਤੇ ਜ਼ੋਰ ਨਾਲ ਦਬਾ ਪਾ ਰਿਹਾ ਹੈ। ਇਸ ਨਾਲ ਤੁਹਾਡੇ ਪੇਟ ਦਾ ਤਰਲ ਤੁਹਾਡੇ ਫੇਫੜਿਆਂ ਵਿਚ ਜਾਣ ਤੋਂ ਰੋਕਥਾਮ ਹੁੰਦੀ ਹੈ।
- ਸਾਹ-ਨਾਲੀ ਵਿਚ ਪਾਈ ਜਾਂਦੀ ਹੈ ਜਿਸ ਨੂੰ ਟਰੇਚੀਆ ਵੀ ਆਖਿਆ ਜਾਂਦਾ ਹੈ। ਇਸ ਨਾਲ ਤੁਹਾਡੇ ਪੇਟ ਤੋਂ ਕੋਈ ਵੀ ਤਰਲ ਤੁਹਾਡੇ ਫੇਫੜਿਆਂ ਵਿਚ ਜਾਣ ਤੋਂ ਰੋਕਥਾਮ ਹੁੰਦੀ ਹੈ।
- ਤੁਹਾਡੇ ਕੈਪ ਵਾਲੇ ਜਾਂ ਹਿਲਦੇ ਕਿਸੇ ਵੀ ਦੰਦ ਨੂੰ ਬਚਾਉਣ ਲਈ ਤੁਹਾਡਾ ਡਾਕਟਰ ਆਪਣੀ ਪੂਰੀ ਕੋਸ਼ਿਸ਼ ਕਰਦਾ ਹੈ। ਕਦੇ ਕਦੇ ਇਸ ਦਾ ਨੁਕਸਾਨ ਹੋ ਸਕਦਾ ਹੈ।
- ਜੇ ਤੁਹਾਨੂੰ ਆਪਣੇ ਜਬਾੜ੍ਹੇ ਦੇ ਜੋੜ ਦੀ ਕੋਈ ਸਮੱਸਿਆ ਹੋਵੇ ਤਾਂ ਜਨਰਲ ਤੋਂ ਬਾਅਦ ਇਹ ਹੋਰ ਵੀ ਬਦਤਰ ਮਹਿਸੂਸ ਹੋ ਸਕਦੀ ਹੈ। ਇਸ ਜੋੜ ਨੂੰ ਟੀ ਐੱਮ ਜੀ ਜਾਂ ਟੈਂਪਰੋਮੈਨਡਿਬੂਲਰ ਜੋੜ ਆਖਿਆ ਜਾਂਦਾ ਹੈ।
- ਤੁਹਾਡੇ ਬੱਚੇ ਦੇ ਸੁਰੱਖਿਅਤ ਤਰੀਕੇ ਨਾਲ ਪੈਦਾ ਹੋ ਜਾਣ ਤੱਕ ਤੁਹਾਨੂੰ ਸੁਲਾਈ ਰੱਖਣ ਲਈ ਐਨਿਸਥੀਸਐਲੋਜਿਸਟ ਤੁਹਾਨੂੰ ਦਵਾਈਆਂ ਦੇਣਾ ਜਾਰੀ ਰੱਖਦਾ ਹੈ। ਜਨਰਲ ਦੌਰਾਨ ਕੀ ਹੋ ਰਿਹਾ ਹੈ ਤੁਹਾਨੂੰ ਆਮ ਤੌਰ 'ਤੇ ਇਹ ਯਾਦ ਨਹੀਂ ਰਹੇਗਾ। ਇਹ ਬਹੁਤ ਘੱਟ ਹੁੰਦਾ ਹੈ ਕਿ ਲੋਕਾਂ ਨੂੰ ਇਹ ਪਤਾ ਹੁੰਦਾ ਹੈ ਕਿ ਅਪਰੇਸ਼ਨ ਦੌਰਾਨ ਕੀ ਹੋ ਰਿਹਾ ਹੈ। ਅਜਿਹਾ 0.1 – 0.2% ਵਾਰੀ ਹੋ ਸਕਦਾ ਹੈ।
- ਤੁਹਾਡੀ ਮਦਦ ਕਰਨ ਵਾਲਾ ਵਿਅਕਤੀ ਉਡੀਕ ਕਰਨ ਵਾਲੇ ਇਲਾਕੇ ਵਿਚ ਉਡੀਕ ਕਰੇਗਾ ਅਤੇ ਜਦੋਂ ਤੁਸੀਂ ਰਿਕਵਰੀ ਰੂਮ ਵਿਚ ਜਾਵੋਗੇ ਤਾਂ ਤੁਹਾਡੇ ਕੋਲ ਜਾਵੇਗਾ।

## ਅਪਰੇਸ਼ਨ ਦੇ ਖਤਮ ਹੋ ਜਾਣ ਤੋਂ ਬਾਅਦ ਕੀ ਹੁੰਦਾ ਹੈ?

- ਤੁਸੀਂ ਸਟਰੈਚਰ 'ਤੇ ਰਿਕਵਰੀ ਰੂਮ ਨੂੰ ਜਾਂਦੇ ਹੋ।
- ਨਰਸਾਂ ਉੱਥੇ ਤੁਹਾਡੇ 'ਤੇ ਨਿਗ੍ਹਾ ਅਤੇ ਧਿਆਨ ਰੱਖਦੀਆਂ ਹਨ। ਉਹ ਇਹ ਪੱਕਾ ਕਰਦੀਆਂ ਹਨ ਕਿ ਤੁਸੀਂ ਅਪਰੇਸ਼ਨ ਤੋਂ ਬਾਅਦ ਠੀਕ ਚੱਲ ਰਹੇ ਹੋ।
- ਤੁਹਾਡਾ ਸਾਥੀ ਅਤੇ ਬੱਚਾ ਆਮ ਤੌਰ 'ਤੇ ਤੁਹਾਡੇ ਨਾਲ ਹੋ ਸਕਦੇ ਹਨ।

ਸਫਾ 3...

### ਮਾਂ ਲਈ ਸਾਈਡ ਇਫੈਕਟ:

ਜਦੋਂ ਤੁਸੀਂ ਜਾਗਦੇ ਹੋ:

- ਤੁਹਾਨੂੰ ਟਿਊਬ ਕਾਰਨ ਆਪਣੇ ਸੰਘ ਵਿਚ ਇਕ ਦਿਨ ਤੱਕ ਬੇਆਰਾਮੀ ਮਹਿਸੂਸ ਹੋ ਸਕਦੀ ਹੈ।
- ਤੁਹਾਨੂੰ ਅਪਰੇਸ਼ਨ ਕਾਰਨ ਦਰਦ ਮਹਿਸੂਸ ਹੋ ਸਕਦੀ ਹੈ। ਇਸ ਤੋਂ ਆਰਾਮ ਲਈ ਨਰਸ ਤੁਹਾਨੂੰ ਰਿਕਵਰੀ ਰੂਮ ਵਿਚ ਅਤੇ ਵਾਰਡ ਵਿਚ ਦਵਾਈ ਦੇਵੇਗੀ।
- ਤੁਹਾਨੂੰ ਨੀਂਦ ਆਉਂਦੀ ਮਹਿਸੂਸ ਹੋ ਸਕਦੀ ਹੈ ਅਤੇ ਕੁਝ ਘੰਟਿਆਂ ਲਈ ਪੇਟ ਵਿਚ ਗੜਬੜ ਮਹਿਸੂਸ ਹੋ ਸਕਦੀ ਹੈ।

## ਰੀਜਨਲ ਅਤੇ ਜਨਰਲ ਐਨਿਸਥੀਸੀਆ ਦੀ ਤੁਲਨਾ ਕਰਨ ਵੇਲੇ ਤੁਹਾਨੂੰ ਪਤਾ ਲੱਗੇਗਾ:

### ਰੀਜਨਲ ਐਨਿਸਥੀਸੀਆ ਦੇ ਫਾਇਦੇ ਹਨ:

- ਸਪਾਈਨਲਜ਼ ਅਤੇ ਇਪੀਡੂਰਲਜ਼ ਆਮ ਤੌਰ 'ਤੇ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਸੁਰੱਖਿਅਤ ਹਨ।
- ਤੁਸੀਂ ਜਾਗਦੇ ਹੁੰਦੇ ਹੋ ਤਾਂ ਜੋ ਤੁਸੀਂ ਅਤੇ ਤੁਹਾਡਾ ਸਾਥੀ ਜਨਮ ਦੇਖ ਸਕੋ।
- ਤੁਹਾਨੂੰ ਬਾਅਦ ਵਿਚ ਨੀਂਦ ਨਹੀਂ ਆਵੇਗੀ।
- ਤੁਸੀਂ ਆਪਣੇ ਬੱਚੇ ਨੂੰ ਛੇਤੀ ਫੜ ਅਤੇ ਦੁੱਧ ਪਿਲਾ ਸਕਦੇ ਹੋ।
- ਬਾਅਦ ਵਿਚ ਤੁਹਾਨੂੰ ਦਰਦ ਤੋਂ ਬਿਹਤਰ ਆਰਾਮ ਮਿਲਦਾ ਹੈ।
- ਤੁਹਾਡਾ ਬੱਚਾ ਜ਼ਿਆਦਾ ਸੁਚੇਤ ਪੈਦਾ ਹੁੰਦਾ ਹੈ।

### ਰੀਜਨਲ ਦੇ ਨੁਕਸਾਨ ਹਨ:

- ਆਮ ਤੌਰ 'ਤੇ ਇਹ ਲਗਾਉਣ ਨੂੰ ਜ਼ਿਆਦਾ ਸਮਾਂ ਲੱਗਦਾ ਹੈ।
- ਸਪਾਈਨਲ ਅਤੇ ਇਪੀਡੂਰਲ ਤੁਹਾਡਾ ਬਲੱਡ ਪਰੈਸ਼ਰ ਘਟਾ ਸਕਦੇ ਹਨ। ਇਸ ਦਾ ਸੌਖ ਨਾਲ ਇਲਾਜ ਹੋ ਜਾਂਦਾ ਹੈ।
- ਕਦੇ ਕਦੇ ਇਹ ਤੁਹਾਨੂੰ ਕੰਬਣੀ ਲਾਉਂਦੇ ਹਨ। ਇਪੀਡੂਰਲ ਨਾਲ ਇਹ ਜ਼ਿਆਦਾ ਆਮ ਹੁੰਦਾ ਹੈ।
- ਕਦੇ ਕਦੇ ਇਹ ਚੰਗਾ ਕੰਮ ਨਹੀਂ ਕਰਦੇ। ਇਸ ਕੇਸ ਵਿਚ, ਜਨਰਲ ਦੀ ਲੋੜ ਹੋ ਸਕਦੀ ਹੈ।

### ਇਸ ਦੇ ਨਾਲ ਹੀ ਰੀਜਨਲ ਐਨਿਸਥੀਸੀਆ ਇਨ੍ਹਾਂ ਦਾ ਕਰਨ ਬਣ ਸਕਦਾ ਹੈ:

- ਅਪਰੇਸ਼ਨ ਦੌਰਾਨ ਅਤੇ ਬਾਅਦ ਵਿਚ ਖਾਜ ਆਉਣਾ। ਇਹ ਐਲਰਜੀ ਦਾ ਰੀਐਕਸ਼ਨ ਨਹੀਂ ਹੈ। ਇਸ ਦਾ ਇਲਾਜ ਕੀਤਾ ਜਾ ਸਕਦਾ ਹੈ।
- ਕੁਝ ਦਿਨਾਂ ਲਈ ਤੁਹਾਡੀ ਪਿੱਠ ਦੀ ਉਹ ਥਾਂ ਦੁਖਦੀ ਹੈ। ਇਹ ਆਮ ਹੈ।
- ਬੈਠਣ ਜਾਂ ਖੜ੍ਹਣ ਵੇਲੇ ਬਹੁਤ ਜ਼ਿਆਦਾ ਸਿਰਦਰਦ ਹੁੰਦੀ ਹੈ। ਤੁਹਾਡੇ ਲੰਮੇ ਪੈਣ ਨਾਲ ਇਹ ਹਟ ਜਾਂਦੀ ਹੈ। ਬੈੱਡ 'ਤੇ ਆਰਾਮ ਕਰਨਾ ਅਤੇ ਆਈ ਵੀ ਨਾਲ ਤਰਲ ਲੈਣਾ ਮਦਦ ਕਰਦਾ ਹੈ। ਜੇ ਇਹ ਨਾ ਹਟੇ ਤਾਂ ਸਿਰਦਰਦ ਦਾ ਇਲਾਜ ਹੋਰ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ। ਅਜਿਹਾ ਸੌ ਪਿੱਛੇ ਇਕ ਔਰਤ ਨਾਲ ਹੁੰਦਾ ਹੈ।
- ਸੂਈ ਜਾਂ ਨਾਲੀ ਲਗਾਉਣ ਵੇਲੇ ਇਕ ਲੱਤ ਵਿਚ ਥੱਲੇ ਨੂੰ ਝਰਨਾਹਟ ਹੋਣਾ। ਬਹੁਤੀਆਂ ਔਰਤਾਂ ਦੇ ਅਜਿਹਾ ਹੋਣਾ ਕੁਝ ਕੁ ਸਕਿੰਟਾਂ ਵਿਚ ਹੀ ਹਟ ਜਾਂਦਾ ਹੈ। ਪਰ, ਬਹੁਤ ਘੱਟ ਔਰਤਾਂ ਦੇ, ਹਰ ਤੀਹ ਹਜ਼ਾਰ ਪਿੱਛੇ ਇਕ ਦੇ, ਇਹ ਜ਼ਿਆਦਾ ਸਮਾਂ ਰਹਿ ਸਕਦਾ ਹੈ, ਕੁਝ ਹਫਤੇ ਜਾਂ ਕੁਝ ਮਹੀਨੇ ਵੀ। ਲੋਕ ਕਦੇ ਕਦੇ ਇਹ ਫਿਕਰ ਕਰਦੇ ਹਨ ਕਿ ਉਨ੍ਹਾਂ ਦੀ ਨਸ (ਨਰਵ) ਦਾ ਪੱਕਾ ਰਹਿਣ ਵਾਲਾ ਨੁਕਸਾਨ ਹੋ ਸਕਦਾ ਹੈ। ਇਹ ਇਕ ਆਮ ਫਿਕਰ ਹੈ ਪਰ ਇਹ ਬਹੁਤ ਘੱਟ ਹੁੰਦਾ ਹੈ। ਅਜਿਹਾ ਇਕ ਲੱਖ ਪਿੱਛੇ ਇਕ ਔਰਤ ਨਾਲ ਹੁੰਦਾ ਹੈ।

ਬੱਚੇ ਦੇ ਜਨਮ ਤੋਂ ਬਾਅਦ ਪਿੱਠ ਵਿਚ ਦਰਦ ਹੋਣਾ ਬਹੁਤ ਆਮ ਹੈ, ਖਾਸ ਕਰਕੇ ਜੇ ਇਹ ਤੁਹਾਡੇ ਗਰਭ ਤੋਂ ਪਹਿਲਾਂ ਜਾਂ ਗਰਭ ਦੌਰਾਨ ਹੁੰਦੀ ਸੀ। ਸਪਾਈਨਲਜ਼ ਅਤੇ ਇਪੀਡੂਰਲਜ਼ ਅਜਿਹੀ ਪਿੱਠ ਦਰਦ ਦਾ ਕਾਰਨ ਨਹੀਂ ਬਣਦੇ ਜਿਹੜੀ ਨਾ ਹਟੇ।

## ਅਪਰੇਸ਼ਨ ਤੋਂ ਬਾਅਦ ਮੇਰੀ ਦਰਦ ਤੋਂ ਆਰਾਮ ਲਈ ਕੀ ਕੀਤਾ ਜਾਂਦਾ ਹੈ?

ਅਪਰੇਸ਼ਨ ਤੋਂ ਬਾਅਦ ਦਰਦ ਤੋਂ ਆਰਾਮ ਲਈ ਕਈ ਤਰੀਕੇ ਵਰਤੇ ਜਾਂਦੇ ਹਨ:

- ਜੇ ਤੁਹਾਡੇ ਸਪਾਈਨਲ ਜਾਂ ਇਪੀਡੂਰਲ ਹੋਇਆ ਹੈ ਤਾਂ ਤੁਹਾਨੂੰ ਆਮ ਤੌਰ 'ਤੇ ਇਕ ਦਵਾਈ ਦਿੱਤੀ ਜਾਂਦੀ ਹੈ ਜਿਸ ਦਾ ਅਸਰ ਅਪਰੇਸ਼ਨ ਤੋਂ ਬਾਅਦ 24 ਘੰਟੇ ਤੱਕ ਰਹਿੰਦਾ ਹੈ। ਇਸ ਦਵਾਈ ਦਾ ਵੱਡਾ ਸਾਈਡ ਇਫੈਕਟ ਖਾਜ ਹੋਣਾ ਹੈ ਜਿਹੜੀ ਕੁਝ ਘੰਟਿਆਂ ਤੱਕ ਆ ਸਕਦੀ ਹੈ।
- ਜੇ ਤੁਹਾਡੇ ਇਪੀਡੂਰਲ ਹੋਇਆ ਹੈ ਤਾਂ ਕਦੇ ਕਦੇ ਬਾਅਦ ਵਿਚ ਦਵਾਈਆਂ ਦੇਣ ਲਈ ਟਿਊਬ ਅੰਦਰ ਹੀ ਰਹਿਣ ਦਿੱਤੀ ਜਾਂਦੀ ਹੈ।
- ਦਰਦ ਤੋਂ ਆਰਾਮ ਲਈ ਸੁਪੋਸੀਟੋਰੀ ਨਾਂ ਦੀ ਇਕ ਦਵਾਈ, ਅਪਰੇਸ਼ਨ ਦੇ ਖਤਮ ਹੋਣ ਤੋਂ ਬਾਅਦ ਤੁਹਾਡੀ ਗੁਦਾ (ਰੈਕਟਮ) ਵਿਚ ਚਾੜ੍ਹੀ ਜਾਂਦੀ ਹੈ।
- ਤੁਸੀਂ ਜਦੋਂ ਹੀ ਤਰਲਾਂ ਦੇ ਘੁੱਟ ਲੰਘਾਉਣ ਦੇ ਯੋਗ ਹੋ ਜਾਵੋ ਤਾਂ ਤੁਸੀਂ ਉਦੋਂ ਹੀ ਮੂੰਹ ਰਾਹੀਂ ਦਰਦ ਤੋਂ ਆਰਾਮ ਦੀਆਂ ਗੋਲੀਆਂ ਲੈ ਸਕਦੇ ਹੋ।
- ਜੇ ਤੁਹਾਡੇ ਸਪਾਈਨਲ ਜਾਂ ਇਪੀਡੂਰਲ ਨਾ ਹੋਇਆ ਹੋਵੇ ਤਾਂ ਤੁਸੀਂ ਆਪਣੀ ਆਈ ਵੀ ਵਿਚ ਮੌਰਫੀਨ ਵਰਗੀ ਦਵਾਈ ਪਾ ਸਕਦੇ ਹੋ। ਤੁਸੀਂ ਇਕ ਖਾਸ ਕਿਸਮ ਦੇ ਪੰਪ ਰਾਹੀਂ ਆਪਣੇ ਆਪ ਨੂੰ ਹੋਰ ਦਵਾਈ ਦੇ ਸਕਦੇ ਹੋ ਜੇ ਤੁਹਾਨੂੰ ਇਸ ਦੀ ਲੋੜ ਲੱਗੇ। ਇਸ ਨੂੰ ਮਰੀਜ਼ ਵਲੋਂ ਕੰਟਰੋਲ ਕੀਤਾ ਜਾਂਦਾ ਐਨਲਜੀਸੀਆ ਜਾਂ ਪੀ ਸੀ ਏ ਆਖਿਆ ਜਾਂਦਾ ਹੈ।
- ਦਰਦ ਤੋਂ ਆਰਾਮ ਲਈ ਤੁਸੀਂ ਆਪਣੇ ਪੱਠੇ ਵਿਚ ਮੌਰਫੀਨ ਵਰਗੀ ਦਵਾਈ ਦਾ ਟੀਕਾ ਲਵਾ ਸਕਦੇ ਹੋ। ਇਹ ਬਹੁਤਾ ਆਮ ਨਹੀਂ ਲਾਇਆ ਜਾਂਦਾ।

## ਮੇਰੇ ਮਨ ਵਿਚ ਹੋਰ ਸਵਾਲ ਹਨ। ਮੈਂ ਕਿਸ ਨਾਲ ਗੱਲ ਕਰਾਂ?

ਜੇ ਤੁਹਾਡੇ ਮਨ ਵਿਚ ਅਪਰੇਸ਼ਨ ਕਰਕੇ ਦਰਦ ਤੋਂ ਆਰਾਮ ਬਾਰੇ ਸਵਾਲ ਜਾਂ ਫਿਕਰ ਹੋਣ ਤਾਂ ਅਸੀਂ ਤੁਹਾਡੇ ਨਾਲ ਗੱਲ ਕਰਨੀ ਚਾਹਾਂਗੇ। ਆਪਣੇ ਡਾਕਟਰ ਨੂੰ ਕਹੋ ਕਿ ਉਹ ਸਾਡੇ ਐਨਿਸਥੀਸੀਆ ਕਲੀਨਿਕ ਵਿਚ ਐਨਿਸਥੀਸਔਲੋਜਿਸਟ ਨਾਲ ਗੱਲ ਕਰਨ ਲਈ ਤੁਹਾਡੇ ਲਈ ਅਪੌਇੰਟਮੈਂਟ ਬਣਾਏ।

©2010 BC Women's Hospital & Health Centre
BCW844 - July 2010
[Punjabi]